### ਕਿਸੇ ਜੁਰਮ ਦੀ ਰਿਪੋਰਟ ਕਰਨ ਜਾਂ ਸਾਡੇ ਨਾਲ ਸੰਪਰਕ ਕਰਨ ਲਈ

- ਕਿਸੇ ਸੰਕਟ ਵਿੱਚ ਹਮੇਸ਼ਾਂ 999 'ਤੇ ਫ਼ੋਨ ਕਰੋ।
- ਕਿਸੇ ਗੈਰ-ਸੰਕਟਕਾਲੀ ਜੁਰਮ ਜਾਂ ਘਟਨਾ ਦੀ ਰਿਪੋਰਟ ਕਰਨ ਲਈ ਜਾਂ ਥੇਮਜ਼ ਵੈਲੀ ਪੁਲਿਸ ਨੂੰ ਜਾਣਕਾਰੀ ਦੇਣ ਲਈ 0845 8 505 505 'ਤੇ ਫ਼ੋਨ ਕਰੋ।
- ਯੂਨਾਈਟਿਡ ਕਿੰਗਡਮ ਦੇ ਬਾਹਰੋਂ ਥੇਮਜ਼ ਵੈਲੀ ਪੁਲਿਸ ਨਾਲ ਸੰਪਰਕ ਕਰਨ ਲਈ 0044 1865 841148 'ਤੇ ਫ਼ੋਨ ਕਰੋ।
- ਜੇ ਤੁਸੀਂ ਕਿਸੇ ਜੁਰਮ ਬਾਰੇ ਪੁਲਿਸ ਨਾਲ ਗੱਲ ਨਹੀਂ ਕਰਨੀ ਚਾਹੁੰਦੇ ਹੋ, ਤਾਂ 0800 555 111 'ਤੇ ਕ੍ਰਾਈਮਸਟੌਪਰਜ਼ ਨੂੰ ਫ਼ੋਨ ਕਰੋ। ਤੁਸੀਂ ਉਹਨਾਂ ਨਾਲ ਗੁਮਨਾਮ ਰਹਿ ਕੇ ਗੱਲ ਕਰ ਸਕਦੇ ਹੋ।

### ਜੁਰਮ ਦੀ ਰਿਪੋਰਟ ਕਰਨ ਦੇ ਦੂਜੇ ਤਰੀਕੇ

- ਤੁਸੀਂ ਕਿਸੇ ਗੈਰ-ਸੰਕਟਕਾਲੀ ਜੁਰਮ ਜਾਂ ਘਟਨਾ ਦੀ ਰਿਪੋਰਟ ਆਪਣੇ ਸਥਾਨਕ ਪੁਲਿਸ ਸਟੇਸ਼ਨ ਵਿੱਚ ਕਰ ਸਕਦੇ ਹੋ ਜਦੋਂ ਇਹ ਖੁੱਲ੍ਹਾ ਹੋਵੇ।
- ਜੇ ਤੁਹਾਨੂੰ ਕੋਈ ਚੀਜ਼ ਸੰਦੇਹਜਨਕ ਨਜ਼ਰ ਆਵੇ, ਤਾਂ 0800 789 321 'ਤੇ ਐਂਟੀ-ਟੈਰੋਰਿਸਟ ਹੌਟਲਾਈਨ ਨੂੰ ਫ਼ੋਨ ਕਰੋ।

### ਥੇਮਜ਼ ਵੈਲੀ ਪੁਲਿਸ ਬਾਰੇ

- ਥੇਮਜ਼ ਵੈਲੀ ਪੁਲਿਸ, ਇੰਗਲੈਂਡ ਅਤੇ ਵੇਲਜ ਵਿੱਚ ਸਭ ਤੋਂ ਵੱਡੀ ਗੈਰ-ਮੈਟਰੋਪੋਲਿਟਨ ਪੁਲਿਸ ਫੋਰਸ ਹੈ।
- ਅਸੀਂ ਬਰਕਸ਼ਾਇਰ, ਬਕਿੰਘਮਸ਼ਾਇਰ ਅਤੇ ਆਕਸਫ਼ੋਰਡ ਦੀਆਂ ਕਾਉਂਟੀਆਂ ਵਿੱਚ ਅਮਨ ਕਾਨੂੰਨ ਕਾਇਮ ਰੱਖਣ ਦਾ ਕੰਮ ਕਰਦੇ ਹਾਂ, ਅਤੇ 2.1 ਮਿਲੀਅਨ ਲੋਕਾਂ ਨੂੰ ਸੇਵਾ ਦਿੰਦੇ ਹਾਂ।
- ਅਸੀਂ 196 ਮੀਲ ਮੋਟਰਵੇਅ ਦੀ ਗਸ਼ਤ ਲਗਾਉਂਦੇ ਹਾਂ - ਜੋ ਬ੍ਰਿਟੇਨ ਦੀ ਕਿਸੇ ਵੀ ਦੂਸਰੀ ਪੁਲਿਸ ਫੋਰਸ ਤੋਂ ਜ਼ਿਆਦਾ ਹੈ।
- ਸਾਡਾ ਟੀਚਾ ਹੈ ਆਪਣੀਆਂ ਕਮਿਊਨਿਟੀਆਂ ਨੂੰ ਸੁਰੱਖਿਅਤ ਬਣਾਉਣ ਲਈ ਸਾਂਝੇਦਾਰੀ ਵਿੱਚ ਕੰਮ ਕਰਨਾ।

### ਨੇਬਰਹੁਡ ਵਿੱਚ ਪੁਲਿਸ ਦਾ ਕੰਮ

ਥੇਮਜ਼ਵੈਲੀ ਵਿੱਚ ਹਰ ਨੇਬਰਹੁਡ ਇੱਕ ਵਿਸ਼ੇਸ਼ ਨੇਬਰਹੁਡ ਪੁਲਿਸਿੰਗ ਟੀਮ ਦੇ ਹੇਠਾਂ ਆਉਂਦੀ ਹੈ।

ਨੇਬਰਹੁਡ ਪੁਲਿਸਿੰਗ ਟੀਮ ਨਾਲ ਥੇਮਜ਼ ਵੈਲੀ ਪੁਲਿਸ ਦੇ ਗੈਰ-ਸੰਕਟਕਾਲੀ ਨੰਬਰ 0845 8 505 505 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

ਜੇ ਤੁਸੀਂ ਸਾਡੀ ਵੈਬਸਾਈਟ ਦੀ ਕਿਸੇ ਚੀਜ਼ ਜਾਂ ਕਿਸੇ ਹੋਰ ਪ੍ਰਕਾਸ਼ਨ ਦਾ ਅਨੁਵਾਦ ਕਰਵਾਉਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਡੇ ਕਾਰਪੋਰੇਟ ਕਮਿਊਨਿਕੇਸ਼ਨਜ਼ ਡਿਪਾਰਟਮੈਂਟ ਨੂੰ 01865 846578 ਨੰਬਰ 'ਤੇ ਫੋਨ ਕਰੋ ਜਾਂ ਵੈਬਸਾਈਟ corporatecommunications@thamesvalley.pnn.police.uk ਰਾਹੀਂ ਸੰਪਰਕ ਕਰੋ।